ਕਾਰਵਾਈ ਪਹਿਲੀ ਇਕੱਤਰਤਾ ਨਗਰ ਨਿਗਮ, ਜਲੰਧਰ ਜੋ ਮਿਤੀ 11.1.2025 ਨੂੰ ਸਮਾਂ ਬਾਅਦ ਦੁਪਹਿਰ 3:00 ਵਜੇ ਜ਼ਿਲਾ ਰੈਡ ਕਰਾਸ ਭਵਨ, ਜਲੰਧਰ ਵਿਖੇ ਨਗਰ ਨਿਗਮ ਜਲੰਧਰ ਦੇ 85 ਵਾਰਡਾਂ ਦੇ ਚੁਣੇ ਹੋਏ ਕੌਂਸਲਰਾਂ ਨੂੰ ਸੰਵਿਧਾਨ ਲਈ ਸਹੁੰ ਚੁਕਵਾਉਣ ਅਤੇ ਮੇਅਰ, ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦੀ ਚੋਣ ਲਈ ਸ੍ਰੀ ਅਰੁਣ ਸੇਖੜੀ, ਆਈ.ਏ.ਐਸ., ਡਵੀਜ਼ਨਲ ਕਮਿਸ਼ਨਰ, ਜਲੰਧਰ-ਕਮ-ਕਨਵੀਨਰ ਜੀ ਦੀ ਪ੍ਰਧਾਨਗੀ ਹੇਠ ਹੋਈ।

ਜਿਸ ਵਿਚ ਹੇਠ ਲਿਖਤ ਹਾਜਰ ਹੋਏ:

ਐਕਸ ਐਫੀਸੀਓ ਮੈਂਬਰ ਦੀ ਹਾਜਰੀ

1.	ਸ੍ਰੀ ਮੋਹਿੰਦਰ ਭਗਤ, ਮਾਨਯੋਗ ਕੈਬਿਨਟ ਮੰਤਰੀ/ ਐਕਸ ਐਫੀਸੀਓ ਮੈਂਬਰ
2.	ਸ਼੍ਰੀ ਬਲਕਾਰ ਸਿੰਘ ਮਾਨਯੋਗ ਸਾਬਕਾ ਸਥਾਨਕ ਸਰਕਾਰ ਮੰਤਰੀ/ ਐਕਸ ਐਫੀਸੀਓ ਮੈਂਬਰ
3.	ਸ਼੍ਰੀ ਪਰਗਟ ਸਿੰਘ, ਐਮ.ਐਲ.ਏ./ ਐਕਸ ਐਫੀਸੀਓ ਮੈਂਬਰ
4.	ਸ਼੍ਰੀ ਅਵਤਾਰ ਸਿੰਘ ਜੂਨੀਅਰ ਹੈਨਰੀ, ਐਮ.ਐਲ.ਏ./ ਐਕਸ ਐਫੀਸੀਓ ਮੈਂਬਰ
5.	ਸ੍ਰੀ ਰਮਨ ਅਰੋੜਾ, ਐਮ.ਐਲ.ਏ./ ਐਕਸ ਐਫੀਸੀਓ ਮੈਂਬਰ
6.	ਸ਼੍ਰੀ ਸੁਖਵਿੰਦਰ ਸਿੰਘ ਕੋਟਲੀ, ਐਮ.ਐਲ.ਏ./ ਐਕਸ ਐਫੀਸੀਓ ਮੈਂਬਰ

ਕੌਂਸਲਰ ਸਾਹਿਬਾਨਾਂ ਦੀ ਹਾਜ਼ਰੀ

ਵਾਰਡ ਨੰ	ਕੌਂਸਲਰ ਦਾ ਨਾਮ
1	ਸ੍ਰੀਮਤੀ ਆਸ਼ੂ ਸ਼ਰਮਾ
2	ਸ੍ਰੀ ਹਰਪ੍ਰੀਤ ਕੁਮਾਰ ਵਾਲੀਆ
3	ਸ੍ਰੀਮਤੀ ਬਲਜਿੰਦਰ ਕੌਰ
4	ਸ੍ਰੀ ਜਗੀਰ ਸਿੰਘ
5	ਸ੍ਰੀਮਤੀ ਨਵਦੀਪ ਕੌਰ
6	ਸ੍ਰੀ ਗੁਰਨਾਮ ਸਿੰਘ
7	ਸ੍ਰੀਮਤੀ ਨਿਰਮਲ ਕੌਰ
8	ਸ੍ਰੀ ਅਮਰਦੀਪ ਸੰਦਲ ਕੀਨੂੰ
9	ਸ੍ਰੀਮਤੀ ਵੰਦਨਾ

10	ਸ੍ਰੀ ਬਲਬੀਰ ਸਿੰਘ
11	ਸ੍ਰੀਮਤੀ ਕਰਮਜੀਤ ਕੌਰ
12	ਸ੍ਰੀ ਸ਼ਿਵਮ ਸ਼ਰਮਾ
13	ਸ੍ਰੀਮਤੀ ਸੁਨੀਤਾ ਰਾਨੀ
14	ਸ੍ਰੀ ਗੁਰਮਿੰਦਰ ਸਿੰਘ
15	ਸ੍ਰੀਮਤੀ ਮੰਨਜੀਤ
16	ਸ੍ਰੀ ਰਜਿੰਦਰ ਕੁਮਾਰ ਜ਼ੁਨੇਜਾ
17	ਸ੍ਰੀਮਤੀ ਸਤਿਆ ਦੇਵੀ
18	ਸ੍ਰੀ ਕੰਵਰ ਸਰਤਾਜ ਸਿੰਘ
19	ਸ੍ਰੀਮਤੀ ਮਨਜੀਤ ਕੌਰ
20	ਸ੍ਰੀ ਮਨਮੋਹਨ ਸਿੰਘ
21	ਸ੍ਰੀਮਤੀ ਪਿੰਦਰਜੀਤ ਕੌਰ
22	ਸ੍ਰੀ ਰੋਬਿਨ
23	ਸ੍ਰੀਮਤੀ ਪਰਮਜੀਤ ਕੌਰ
24	ਸ੍ਰੀ ਅਮਿਤ ਢੱਲ
25	ਸ੍ਰੀਮਤੀ ਉਮਾ ਬੇਰੀ
26	ਸ੍ਰੀ ਵਿਕਾਸ ਕੁਮਾਰ
27	ਸ੍ਰੀਮਤੀ ਪ੍ਰਭਜੋਤ ਕੌਰ
28	ਸ੍ਰੀ ਪਰਮਜੋਤ ਸਿੰਘ
29	ਸ੍ਰੀਮਤੀ ਮੀਨੂੰ
30	ਸ੍ਰੀਮਤੀ ਜਸਲੀਨ ਸੇਠੀ
31	ਸ੍ਰੀਮਤੀ ਅਨੂਪ ਕੌਰ
32	ਸ੍ਰੀ ਬਲਰਾਜ ਠਾਕੁਰ
33	ਸ੍ਰੀਮਤੀ ਅਰੁਨਾ ਅਰੋੜਾ
34	ਸ੍ਰੀ ਦਵਿੰਦਰ ਸੂਦ
35	ਸ੍ਰੀਮਤੀ ਹਰਸ਼ਰਨ ਕੌਰ
36	ਸ੍ਰੀ ਪਵਨ ਕੁਮਾਰ
37	ਸ੍ਰੀਮਤੀ ਸਰਬਜੀਤ ਕੌਰ
38	ਸ੍ਰੀ ਮਲਕੀਤ ਸਿੰਘ
39	ਸ੍ਰੀਮਤੀ ਮਨਜੀਤ ਕੌਰ
40	ਸ੍ਰੀ ਅਜੈ ਕੁਮਾਰ

41	ਸ਼੍ਰੀਮਤੀ ਸ਼ਬਨਮ
42	ਸ਼੍ਰੀ ਰੋਮੀ
43	ਸ਼੍ਰੀਮਤੀ ਸੁਨੀਤਾ
44	ਸ਼੍ਰੀ ਰਾਜ ਕੁਮਾਰ
45	ਸ਼੍ਰੀਮਤੀ ਰੂਪਾ ਭਗਤ
46	ਸ਼੍ਰੀ ਤਰਸੇਮ ਸਿੰਘ
47	ਸ਼੍ਰੀਮਤੀ ਮਨਮੀਤ ਕੌਰ
48	ਸ਼੍ਰੀ ਹਰਜਿੰਦਰ ਸਿੰਘ
49	ਸ਼੍ਰੀਮਤੀ ਨੇਹਾ
50	ਸ਼੍ਰੀ ਮਨਜੀਤ ਸਿੰਘ
51	ਸ਼੍ਰੀਮਤੀ ਰਾਨੀ ਦੇਵੀ
52	ਸ਼੍ਰੀ ਨਿਰਮਲ ਕੁਮਾਰ
53	ਸ਼੍ਰੀਮਤੀ ਜੋਤੀ
54	ਸ਼੍ਰੀਮਤੀ ਸ਼ੋਭਾ
55	ਸ਼੍ਰੀ ਤਰਵਿੰਦਰ ਕੁਮਾਰ ਸੋਈ
56	ਸ਼੍ਰੀ ਮੁਕੇਸ਼ ਕੁਮਾਰ
57	ਸ਼੍ਰੀਮਤੀ ਕਵਿਤਾ
58	ਸ਼੍ਰੀ ਮਨੀਸ਼
59	ਸ਼੍ਰੀਮਤੀ ਚੰਦਰਜੀਤ ਕੌਰ ਸੰਧਾ
60	ਸ਼੍ਰੀ ਗੁਰਜੀਤ ਸਿੰਘ
61	ਸ਼੍ਰੀਮਤੀ ਮਧੂ ਸ਼ਰਮਾ
62	ਸ਼੍ਰੀ ਵਨੀਤ ਧੀਰ
63	ਸ਼੍ਰੀਮਤੀ ਸੁਲੇਖਾ
64	ਸ਼੍ਰੀ ਰਾਜੀਵ ਕੁਮਾਰ ਢੀਂਗਰਾ
65	ਸ਼੍ਰੀਮਤੀ ਪ੍ਰਵੀਨ ਵਸਨ
66	ਸ਼੍ਰੀ ਗੁਰਵਿੰਦਰ ਪਾਲ ਸਿੰਘ (ਬੰਟੀ ਨੀਲਕੰਠ)
67	ਸ਼੍ਰੀਮਤੀ ਕੰਵਲਜੀਤ ਕੌਰ ਗੁੱਲੂ
68	ਸ਼੍ਰੀ ਅਵੀਨਾਸ਼ ਕੁਮਾਰ
69	ਸ਼੍ਰੀਮਤੀ ਹਰਸਿਮਰਨ ਕੌਰ
70	ਸ਼੍ਰੀ ਜਤਿਨ ਗੁਲਾਟੀ
71	ਸ਼੍ਰੀਮਤੀ ਰਜਨੀ ਬਾਹਰੀ

72.	ਸ੍ਰੀ ਹਿਤੇਸ਼ ਗਰੇਵਾਲ
73	ਸ੍ਰੀਮਤੀ ਰਮਨਦੀਪ ਕੌਰ
74	ਸ੍ਰੀ ਰਵੀ ਕੁਮਾਰ
75	ਸ੍ਰੀਮਤੀ ਰੀਨਾ ਕੌਰ
76	ਸ੍ਰੀ ਰਾਜੇਸ਼ ਠਾਕੁਰ
77	ਸ੍ਰੀਮਤੀ ਰਿੰਪੀ ਪ੍ਰਭਾਕਰ
78	ਸ੍ਰੀ ਦੀਪਕ ਸ਼ਾਰਦਾ
79	ਸ੍ਰੀਮਤੀ ਮਨਿੰਦਰ ਕੌਰ
80	ਸ੍ਰੀ ਅਸ਼ਵਨੀ ਕੁਮਾਰ
81	ਸ੍ਰੀਮਤੀ ਸੀਮਾ ਰਾਨੀ
82	ਸ੍ਰੀ ਗੁਰਦੀਪ ਸਿੰਘ ਭੱਟੀ
83	ਸ੍ਰੀਮਤੀ ਜਸਪਾਲ ਕੌਰ
84	ਸ੍ਰੀ ਨੀਰਜ
85	ਸ੍ਰੀਮਤੀ ਦਵਿੰਦਰਪਾਲ ਕੌਰ

(ਅਰੁਣ ਸੇਖੜੀ)
ਆਈ.ਏ.ਐਸ.
ਡਵੀਜ਼ਨਲ ਕਮਿਸ਼ਨਰ,ਜਲੰਧਰ-ਕਮ-ਕਨਵੀਨਰ
11.1.2025

ਹਾਜ਼ਰੀ ਉਪਰੰਤ ਸ੍ਰੀ ਗੌਤਮ ਜੈਨ, ਕਮਿਸ਼ਨਰ ਨਗਰ ਨਿਗਮ ਜਲੰਧਰ, ਜੀ ਨੇ ਕਿਹਾ ਕਿ ਅੱਜ ਦੇ ਇਸ ਸ਼ੁਭ ਮੌਕੇ ਤੇ ਨਗਰ ਨਿਗਮ ਜਲੰਧਰ ਦੇ 7ਵੇਂ ਬਣੇ ਹਾਊਸ ਦੀ ਮੀਟਿੰਗ ਵਿੱਚ ਹਾਜ਼ਰ ਹੋਏ ਐਕਸ-ਐਫੀਸ਼ਿਓ ਮੈਂਬਰ ਸਾਹਿਬਾਨ ਸ੍ਰੀ ਮੋਹਿੰਦਰ ਭਗਤ, ਮਾਨਯੋਗ ਕੈਬਿਨਟ ਮੰਤਰੀ, ਸ਼੍ਰੀ ਬਲਕਾਰ ਸਿੰਘ, ਮਾਨਯੋਗ ਸਾਬਕਾ ਸਥਾਨਕ ਸਰਕਾਰਾਂ ਮੰਤਰੀ, ਸ੍ਰੀ ਰਮਨ ਅਰੋੜਾ, ਵਿਧਾਇਕ ਜਲੰਧਰ ਸੈਂਟਰਲ, ਸ਼੍ਰੀ ਪਰਗਟ ਸਿੰਘ, ਵਿਧਾਇਕ ਜਲੰਧਰ ਕੈਂਟ, ਸ਼੍ਰੀ ਅਵਤਾਰ ਸਿੰਘ ਜੂਨੀਅਰ ਹੈਨਰੀ, ਵਿਧਾਇਕ ਜਲੰਧਰ ਉੱਤਰੀ, ਸ਼੍ਰੀ ਸੁਖਵਿੰਦਰ ਸਿੰਘ ਕੋਟਲੀ, ਵਿਧਾਇਕ ਆਦਮਪੁਰ ਅਤੇ ਨਗਰ ਨਿਗਮ ਜਲੰਧਰ ਦੇ ਨਵੇਂ ਚੁਣੇ ਹੋਏ ਕੌਂਸਲਰ ਸਾਹਿਬਾਨਾਂ ਨੂੰ ਸਵੀਂਧਾਨ ਪ੍ਰਤੀ ਸਹੁੰ ਚੁਕਵਾਉਣ ਆਏ ਸ੍ਰੀ ਅਰੁਣ ਸੇਖੜੀ, ਆਈ.ਏ.ਐਸ., ਮਾਨਯੋਗ ਡਵੀਜ਼ਨਲ ਕਮਿਸ਼ਨਰ ਜਲੰਧਰ ਜੀ ਨੂੰ ਜੀ ਆਇਆ ਆਖ਼ਦਾ ਹਾਂ। ਮੈਂ ਨਵੇਂ ਚੁਣ ਕੇ ਆਏ ਸਮੂਹ ਹਾਜ਼ਰ ਕੌਂਸਲਰ ਸਾਹਿਬਾਨਾਂ ਨੂੰ ਆਪਣੇ ਵਲੋਂ ਅਤੇ ਨਗਰ ਨਿਗਮ ਦੀ ਸਮੂਹ ਟੀਮ ਵਲੋਂ ਵਧਾਈ ਦਿੰਦਾ ਹਾਂ ਅਤੇ ਉਹਨਾ ਦਾ ਵੀ ਸਵਾਗਤ ਕਰਦਾ ਹਾਂ । ਮੈਂ ਆਸ ਕਰਦਾ ਹਾਂ ਕਿ ਉਹ ਆਉਣ ਵਾਲੇ

ਦਿਨਾਂ ਵਿਚ ਜਲੰਧਰ ਸ਼ਹਿਰ ਨੂੰ ਸਾਫ-ਸੁਥਰਾ, ਹਰ-ਭਰਿਆਂ ਅਤੇ ਹੋਰ ਬੁਲਦਿੰਆਂ ਤੇ ਲਿਆਉਣ ਲਈ ਆਪਣਾ ਵਢਮੁੱਲਾ ਯੋਗਦਾਨ ਦੇਣਗੇ । ਮੈਂ ਮਾਨਯੋਗ ਡਵੀਜ਼ਨਲ ਕਮਿਸ਼ਨਰ ਜੀ ਨੂੰ ਬੇਨਤੀ ਕਰਦਾ ਹਾਂ ਕਿ ਉਹ ਅੱਜ ਦੀ ਇਸ ਮੀਟਿੰਗ ਦੀ ਕਾਰਵਾਈ ਨੂੰ ਸੁਰੂ ਕਰਨ ਦੀ ਕ੍ਰਿਪਾਲਤਾ ਕਰਨ।

ਸ੍ਰੀ ਅਰੁਣ ਸੇਖੜੀ, ਆਈ.ਏ.ਐਸ., ਡਵੀਜ਼ਨਲ ਕਮਿਸ਼ਨਰ, ਜਲੰਧਰ-ਕਮ-ਕਨਵੀਨਰ ਜੀ ਨੇ ਸਮੂਹ ਨਵੇਂ ਚੁਣੇ ਗਏ ਕੋਂਸਲਰ ਸਾਹਿਬਾਨਾਂ ਨੂੰ ਵਧਾਈ ਦਿੰਦੇ ਹੋਏ ਆਖਿਆ ਕਿ ਸਭ ਤੋਂ ਪਹਿਲਾਂ ਉਹਨਾਂ ਵਲੋਂ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ, 1976, ਦੀ ਧਾਰਾ 35 ਅਧੀਨ ਸਮੂਹ ਕੌਂਸਲਰ ਸਾਹਿਬਾਨਾਂ ਨੂੰ ਸੰਵਿਧਾਨ ਦੇ ਪ੍ਰਤੀ ਸਹੁੰ ਚੁਕਾਈ ਜਾਵੇਗੀ ਅਤੇ ਸਾਰੇ ਕੋਂਸਲਰ ਇੱਕਠੇ ਹੀ ਆਪੋ-ਆਪਣੀ ਜਗ੍ਹਾ ਤੇ ਖੜ੍ਹੇ ਹੋ ਕੇ ਉਹਨਾਂ ਦੇ ਨਾਲ ਨਾਲ ਆਪਣਾ ਨਾਮ ਲੈਂਦੇ ਹੋਏ ਇਹ ਰਸਮ ਨਿਭਾਉਣਗੇ । ਉਸ ਉਪਰੰਤ ਮੇਅਰ, ਸੀਨਿਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦੀ ਚੋਣ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ, 1976, ਦੀ ਧਾਰਾ 38 ਅਤੇ 60 ਅਧੀਨ ਅਤੇ ਪੰਜਾਬ ਮਿਉਂਸਪਲ ਕਾਰਪੋਰੇਸ਼ਨਸ ਮੇਅਰ, ਸੀਨਿਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਇਲੈਕਸ਼ਨ ਰੂਲਜ਼, 1991 ਤਹਿਤ ਕਰਵਾਈ ਜਾਵੇਗੀ ।

ਇਸ ਉਪਰੰਤ ਸ੍ਰੀ ਅਰੁਣ ਸੇਖੜੀ, ਆਈ.ਏ.ਐਸ., ਡਵੀਜ਼ਨਲ ਕਮਿਸ਼ਨਰ, ਜਲੰਧਰ-ਕਮ -ਕਨਵੀਨਰ ਜੀ ਵਲੋਂ ਨਵੇਂ ਚੁਣੇ ਗਏ ਅਤੇ ਹਾਜ਼ਰ ਆਏ ਸਮੂਹ ਕੋਂਸਲਰ ਸਾਹਿਬਾਨਾਂ ਨੂੰ ਸੰਵਿਧਾਨ ਦੇ ਪ੍ਰਤੀ ਸੰਹੁ ਚੁਕਾਈ ਗਈ ।

(ਅਰੁਣ ਸੇਖੜੀ)
ਆਈ.ਏ.ਐਸ.
ਡਵੀਜ਼ਨਲ ਕਮਿਸ਼ਨਰ,ਜਲੰਧਰ-ਕਮ-ਕਨਵੀਨਰ
11.1.2025

ਸ੍ਰੀ ਅਰੁਣ ਸੇਖੜੀ, ਆਈ.ਏ.ਐਸ., ਡਵੀਜ਼ਨਲ ਕਮਿਸ਼ਨਰ, ਜਲੰਧਰ-ਕਮ -ਕਨਵੀਨਰ ਜੀ ਵਲੋਂ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ, 1976, ਦੀ ਧਾਰਾ 60(ਏ) ਤਹਿਤ ਸ੍ਰੀ ਗੁਰਮਿੰਦਰ ਸਿੰਘ, ਕੌਂਸਲਰ, ਵਾਰਡ ਨੰ:14, ਨਗਰ ਨਿਗਮ, ਜਲੰਧਰ, ਜੋ ਕਿ ਮੇਅਰ, ਸੀਨਿਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦੀ ਚੋਣ ਲਈ ਬਤੌਰ ਉਮੀਦਵਾਰ ਨਹੀਂ ਸਨ, ਨੂੰ ਬਤੌਰ ਪ੍ਰੀਜ਼ਾਇਡਿੰਗ ਅਫ਼ਸਰ ਤਜ਼ਵੀਜ਼ ਕੀਤਾ ।

(ਅਰੁਣ ਸੇਖੜੀ)
ਆਈ.ਏ.ਐਸ.
ਡਵੀਜ਼ਨਲ ਕਮਿਸ਼ਨਰ,ਜਲੰਧਰ-ਕਮ-ਕਨਵੀਨਰ
11.1.2025

ਸ੍ਰੀ ਗੁਰਮਿੰਦਰ ਸਿੰਘ, ਕੌਂਸਲਰ, ਵਾਰਡ ਨੰ:14, ਨਗਰ ਨਿਗਮ, ਜਲੰਧਰ, ਵਲੋਂ ਮੀਟਿੰਗ ਦੇ ਸੰਚਾਲਨ ਵਾਸਤੇ ਬਤੌਰ ਪ੍ਰੀਜ਼ਾਇਡਿੰਗ ਅਫ਼ਸਰ ਆਹੁੱਦਾ ਸੰਭਾਲਿਆ ਗਿਆ।

(ਗੁਰਮਿੰਦਰ ਸਿੰਘ)
ਪ੍ਰੀਜ਼ਾਇਡਿੰਗ ਅਫ਼ਸਰ
11.1.2025

ਹਾਊਸ ਵਲੋਂ ਬਤੌਰ ਮੇਅਰ ਦੀ ਚੋਣ ਲਈ ਸ੍ਰੀਮਤੀ ਕਵਿਤਾ ਸੇਠ, ਕੌਂਸਲਰ ਵਾਰਡ ਨੰ: 57 , ਵਲੋਂ ਸ਼੍ਰੀ ਵਨੀਤ ਧੀਰ, ਕੌਂਸਲਰ, ਵਾਰਡ ਨੰ: 62 ਦਾ ਨਾਮ ਤਜਵੀਜ ਕੀਤਾ। ਜਿਸਦੀ ਤਾਈਦ ਸ੍ਰੀ ਰੋਬਿਨ, ਕੌਂਸਲਰ, ਵਾਰਡ ਨੰ: 22 ਨੇ ਕੀਤੀ ਅਤੇ ਹੋਰ ਕੋਈ ਨਾਮ ਮੇਅਰ ਦੇ ਆਹੁੱਦੇ ਲਈ ਨਾ ਹੋਣ ਤੇ ਬਹੁਮਤ ਨਾਲ ਸ੍ਰੀ ਵਨੀਤ ਧੀਰ, ਕੌਂਸਲਰ, ਵਾਰਡ ਨੰ: 62 ਨੂੰ ਬਤੌਰ ਮੇਅਰ ਚੁਣੇ ਜਾਣ ਦੀ ਘੋਸ਼ਣਾ ਕੀਤੀ ਗਈ ।

(ਗੁਰਮਿੰਦਰ ਸਿੰਘ)
ਪ੍ਰੀਜ਼ਾਇਡਿੰਗ ਅਫ਼ਸਰ
11.1.2025

ਹਾਊਸ ਵਲੋਂ ਬਤੌਰ ਸੀਨਿਅਰ ਡਿਪਟੀ ਮੇਅਰ ਦੀ ਚੋਣ ਲਈ ਸ੍ਰੀ ਹਿਤੇਸ਼ ਗਰੇਵਾਲ, ਕੌਂਸਲਰ ਵਾਰਡ ਨੰ:72 ਵਲੋਂ ਸ੍ਰੀ ਬਲਬੀਰ ਸਿੰਘ ਢਿਲੋਂ, ਕੌਂਸਲਰ, ਵਾਰਡ ਨੰ: 10 ਦਾ ਨਾਮ ਤਜਵੀਜ ਕੀਤਾ। ਜਿਸਦੀ ਤਾਈਦ ਸ੍ਰੀ ਜਤਿਨ ਗੁਲਾਟੀ, ਕੌਂਸਲਰ ਵਾਰਡ ਨੰ: 70 ਨੇ ਕੀਤੀ ਅਤੇ ਹੋਰ ਕੋਈ ਨਾਮ ਸੀਨਿਅਰ ਡਿਪਟੀ ਮੇਅਰ ਦੇ ਆਹੁੱਦੇ ਲਈ ਨਾ ਹੋਣ ਤੇ ਬਹੁਮਤ ਨਾਲ ਸ੍ਰੀ ਬਲਬੀਰ ਸਿੰਘ ਢਿਲੋਂ, ਕੌਂਸਲਰ, ਵਾਰਡ ਨੰ: 10 ਨੂੰ ਬਤੌਰ ਸੀਨਿਅਰ ਡਿਪਟੀ ਮੇਅਰ ਚੁਣੇ ਜਾਣ ਦੀ ਘੋਸ਼ਣਾ ਕੀਤੀ ਗਈ ।

(ਗੁਰਮਿੰਦਰ ਸਿੰਘ)
ਪ੍ਰੀਜ਼ਾਇਡਿੰਗ ਅਫ਼ਸਰ
11.1.2025

ਹਾਊਸ ਵਲੋਂ ਬਤੌਰ ਡਿਪਟੀ ਮੇਅਰ ਦੀ ਚੋਣ ਲਈ ਡਾ: ਮੁਨੀਸ਼, ਕੌਂਸਲਰ, ਵਾਰਡ ਨੰ: 58 ਵਲੋਂ ਸ੍ਰੀ ਮਲਕੀਤ ਸਿੰਘ, ਕੌਂਸਲਰ ਵਾਰਡ ਨੰ: 38 ਦਾ ਨਾਮ ਤਜਵੀਜ ਕੀਤਾ। ਜਿਸਦੀ ਤਾਈਦ ਸ੍ਰੀ ਰੋਮੀ, ਕੌਂਸਲਰ ਵਾਰਡ ਨੰ: 42 ਨੇ ਕੀਤੀ ਅਤੇ ਹੋਰ ਕੋਈ ਨਾਮ ਡਿਪਟੀ ਮੇਅਰ ਦੇ ਆਹੁੱਦੇ ਲਈ ਨਾ ਹੋਣ ਤੇ ਬਹੁਮਤ ਨਾਲ ਸ੍ਰੀ ਸ੍ਰੀ ਮਲਕੀਤ ਸਿੰਘ, ਕੌਂਸਲਰ ਵਾਰਡ ਨੰ: 38 ਨੂੰ ਬਤੌਰ ਡਿਪਟੀ ਮੇਅਰ ਚੁਣੇ ਜਾਣ ਦੀ ਘੋਸ਼ਣਾ ਕੀਤੀ ਗਈ ।

(ਗੁਰਮਿੰਦਰ ਸਿੰਘ)
ਪ੍ਰੀਜ਼ਾਇਡਿੰਗ ਅਫ਼ਸਰ
11.1.2025

ਇਸ ਤੋਂ ਬਾਅਦ ਡਵੀਜ਼ਨਲ ਕਮਿਸ਼ਨਰ-ਕਮ -ਕਨਵੀਨਰ ਜੀ ਵਲੋਂ ਸਾਰੇ ਆਏ ਹੋਏ ਮੈਂਬਰ ਸਾਹਿਬਾਨਾਂ ਦਾ ਧੰਨਵਾਦ ਕਰਦੇ ਹੋਏ ਮੀਟਿੰਗ ਸਮਾਪਤ ਕੀਤੀ ।

(ਅਰੁਣ ਸੇਖੜੀ)
ਆਈ.ਏ.ਐਸ.
ਡਵੀਜ਼ਨਲ ਕਮਿਸ਼ਨਰ,ਜਲੰਧਰ-ਕਮ-ਕਨਵੀਨਰ
11.1.2025